During 2 Years extension
Extra Ex-leave may be reduced

96

ਨੰ:22/2/2013-3ਐਫ.ਪੀ.2/ 217

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ: 25 ਮਈ, 2016

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

ਵਿਸ਼ਾ:- ਸੇਵਾਕਾਲ ਵਿਚ ਵਾਧੇ ਤੇ ਚਲ ਰਹੇ ਅਧਿਕਾਰੀਆਂ /ਕਰਮਚਾਰੀਆਂ ਨੂੰ ਕਮਾਈ ਛੁੱਟੀ ਦੇਣ ਸਬੰਧੀ ਸਪਸਟੀਕਰਨ ।

ਸ੍ਰੀਮਾਨ ਜੀ ,

ਉਪਰੋਕਤ ਵਿਸੇ ਤੇ ਵਿੱਤ ਵਿਭਾਗ ਦੇ ਨੋਟੀਫਿਕੇਸ਼ਨ ਨੰ: GSR 57/Const/ Art.309/ Amd./ 2015, ਮਿਤੀ 30 ਅਕਤੂਬਰ, 2015 ਦੇ ਹਵਾਲੇ ਵਿੱਚ।

2. ਉਪਰੋਕਤ ਨੋਟੀਫਿਕੇਸ਼ਨ ਦੇ ਪੈਰਾ 3 ਰਾਂਹੀ ਪੰਜਾਬ ਸਿਵਲ ਸੇਵਾਵਾਂ ਜਿਲਦ 1 ਪਾਰਟ 1 ਦੇ ਰੂਲ 8.21 (ਬੀ) ਦੀ ਸੋਧ ਕੀਤੀ ਗਈ ਸੀ। ਇਸ ਸੋਧੇ ਹੋਏ ਰੂਲ ਦੀ ਦੂਸਰੀ ਪ੍ਰੋਵੀਜੋ ਦੇ ਸਬੰਧ ਵਿੱਚ ਵੱਖਰੇ-ਵੱਖਰੇ ਵਿਭਾਗਾਂ ਵਲੋਂ ਵਿੱਤ ਵਿਭਾਗ ਤੋਂ ਸਪਸਟੀਕਰਨ ਮੰਗੇ ਜਾ ਰਹੇ ਹਨ।

3. ਵਿੱਤ ਵਿਭਾਗ ਵਲੋਂ ਇਸ ਮਾਮਲੇ ਨੂੰ ਗਹੁ ਨਾਲ ਵਿਚਾਰਿਆ ਗਿਆ ਹੈ ਅਤੇ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਕਿਸੇ ਕਰਮਚਾਰੀ ਵਲੋਂ ਉਸਦੇ ਸੇਵਾਕਾਲ ਦੇ ਵਾਧੇ ਦੇ ਸਮੇਂ ਦੌਰਾਨ ਜਮਾਂ ਹੋਈ ਕਮਾਈ ਛੁੱਟੀ ਤੋਂ ਵੱਧ ਕਮਾਈ ਛੁੱਟੀ ਅਵੇਲ (avail) ਕੀਤੀ ਜਾਂਦੀ ਹੈ ਤਾਂ ਇਹ ਵੱਧ ਅਵੇਲ ਕੀਤੀ ਛੁੱਟੀ ਉਸਦੀ ਸੁਪਰਐਨੂਏਸ਼ਨ (Superannuation) ਦੀ ਮਿਤੀ ਨੂੰ ਇਨਕੈਸਮੈਂਟ ਹੋਣ ਯੋਗ ਛੁੱਟੀ, ਜੋ ਕਿ ਰੂਲ੍ਹਾਂ ਅਨੁਸਾਰ ਵੱਧ ਤੋਂ ਵੱਧ 300 ਦਿਨਾਂ ਦੀ ਮਿਲਣਯੋਗ ਹੁੰਦੀ ਹੈ, ਵਿੱਚੋਂ ਘਟਾਈ ਜਾਵੇਗੀ।

4. ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

5. ਇਸ ਸਬੰਧੀ ਰੂਲਾਂ ਵਿੱਚ ਸੋਧ ਵੀ ਕੀਤੀ ਜਾ ਰਹੀ ਹੈ।

ਭਗਤ ਸਿੰਘ 25/5/16
(ਭਗਤ ਸਿੰਘ)
ਅਧੀਨ ਸਕੱਤਰ ਵਿੱਤ (ਬ)
27/5/16

...2

ਪਿੰ.ਅੰ.ਨੰ:22/2/2012-3 **ਐਫ .ਪੀ.2/ 218** **ਮਿਤੀ, ਚੰਡੀਗੜ੍ਹ : 25 ਮਈ, 2016**

ਇਸ ਦਾ ਉਤਾਰਾ ਹੇਠ-ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

(1) ਪ੍ਰਮੁੱਖ ਮਹਾਲੇਖਾਕਾਰ (ਆਡਿਟ), ਪੰਜਾਬ,ਚੰਡੀਗੜ੍ਹ ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।

ਅਧੀਨ ਸਕੱਤਰ ਵਿੱਤ (ਬ)

ਪਿੰ.ਅੰ.ਨੰ:22/2/2012-3 **ਐਫ .ਪੀ.2/ 219** **ਮਿਤੀ, ਚੰਡੀਗੜ੍ਹ : 25 ਮਈ, 2016**

ਇਸ ਦਾ ਉਤਾਰਾ ਹੇਠ-ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਅਧੀਨ ਸਕੱਤਰ ਵਿੱਤ (ਬ)

ਪਿੰ.ਅੰ.ਨੰ:22/2/2012-3 **ਐਫ .ਪੀ.2/ 220** **ਮਿਤੀ, ਚੰਡੀਗੜ੍ਹ : 25 ਮਈ, 2016**

ਇਸ ਦਾ ਉਤਾਰਾ ਰਾਜ ਦੇ ਸਮੂਹ ਜਿਲ੍ਹਾਂ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੰ.ਅੰ.ਨੰ:22/2/2012-3 **ਐਫ .ਪੀ.2/ 221** **ਮਿਤੀ , ਚੰਡੀਗੜ੍ਹ:25 ਮਈ, 2016**

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਇਸ ਸਪਸਟੀਕਰਨ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ ਜੀ।

ਸੁਪਰਡੰਟ